BRAMPTON

Media Release

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਨੇ ਸਿਟੀ ਦੀਆਂ ਪਹੁੰਚਯੋਗ ਫੈਸਿਲਿਟੀਜ ਨੂੰ ਉਜਾਗਰ ਕਰਨ ਲਈ ਐਕਸੈਸਨਾਓ ਦੇ ਨਾਲ ਭਾਈਵਾਲੀ ਕੀਤੀ

ਬ੍ਰੈਂਪਟਨ, ਓਨਟੈਰੀਓ (8 ਅਗਸਤ, 2022) – ਸਿਟੀ ਆਫ ਬ੍ਰੈਂਪਟਨ ਨੇ ਕਮਿਉਨਿਟੀ ਵਿੱਚ ਸਿਟੀ ਦੀਆਂ ਪਹੁੰਚਯੋਗ ਫੈਸਿਲਿਟੀਜ ਨੂੰ ਉਜਾਗਰ ਕਰਨ ਲਈ, ਐਕਸੈਸਨਾਓ (AccessNow) ਦੇ ਨਾਲ ਭਾਈਵਾਲੀ ਕੀਤੀ ਹੈ।

ਬ੍ਰੈਂਪਟਨ ਇੱਕ ਮੋਜੈਕ ਹੈ ਅਤੇ ਸਿਟੀ, ਸਾਰਿਆਂ ਲਈ ਪਹੁੰਚਯੋਗਤਾ ਅਤੇ ਆਪਣੇਪਣ ਦੀ ਭਾਵਨਾ ਨੂੰ ਵਧਾਉਣ ਦੇ ਮੌਕਿਆਂ ਦੀ ਪਛਾਣ ਕਰਨ ਲਈ ਸਮਰਪਿਤ ਹੈ। ਐਕਸੈਸਨਾਓ, Google Play (ਗੂਗਲ ਪਲੇ) ਅਤੇ ਐਪਲ ਐਪ ਸਟੋਰ (Apple App Store) ਤੇ ਉਪਲਬਧ ਇੱਕ ਐਪ ਹੈ, ਜਿਸ ਨਾਲ ਵਰਤੋਂਕਾਰ ਪੂਰੀ ਦੁਨੀਆ ਦੇ 35 ਦੇਸ਼ਾਂ ਵਿੱਚ, 26,000 ਤੋਂ ਵੱਧ ਪਹੁੰਚਯੋਗ ਅਤੇ ਗੈਰ-ਪਹੁੰਚਯੋਗ ਪਿਨ ਕੀਤੀਆਂ ਲੋਕੇਸ਼ਨਾਂ ਲੱਭ ਸਕਦੇ ਹਨ। ਇਸ ਭਾਈਵਾਲੀ ਦੇ ਦੁਆਰਾ  ਨਿਵਾਸੀ, ਟ੍ਰੇਲਾਂ, ਪਾਰਕਾਂ, ਰੇਕ੍ਰੀਏਸ਼ਨ ਸੈਂਟਰਾਂ ਸਮੇਤ, ਸਿਟੀ ਦੀਆਂ ਪਹੁੰਚਯੋਗ ਫੈਸਿਲਿਟੀਜ  ਨੂੰ ਖੋਜਣ, ਰੇਟਿੰਗ ਦੇਣ ਅਤੇ ਲੱਭਣ ਯੋਗ ਹੋਣਗੇ।

ਨਿਵਾਸੀ, ਐਕਸੈਸਨਾਓ ਤੇ ਲੋਕਲ ਰੈਸਟੋਰੈਂਟਾਂ, ਹੋਟਲਾਂ, ਦੁਕਾਨਾਂ ਅਤੇ ਆਕਰਸ਼ਣਾਂ ਨੂੰ ਵੀ ਖੋਜਣ, ਰੇਟਿੰਗ ਦੇਣ ਅਤੇ ਲੱਭਣ ਯੋਗ ਹੋਣਗੇ। ਬ੍ਰੈਂਪਟਨ ਦੇ ਕਾਰੋਬਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇੱਥੇ (here) ਐਪ ਵਿੱਚ ਆਪਣੀ ਪਹੁੰਚਯੋਗਤਾ ਜਾਣਕਾਰੀ ਸ਼ਾਮਲ ਕਰਨ।

**ਬ੍ਰੈਂਪਟਨ ਵਿੱਚ ਪਹੁੰਚਯੋਗਤਾ**

ਸਿਟੀ ਅਤੇ ਇਸਦੀ ਐਕਸੈਸੀਬਿਲਿਟੀ ਐਡਵਾਈਜਰੀ ਕਮੇਟੀ (Accessibility Advisory Committee), ਇਹ ਯਕੀਨੀ ਬਣਾਉਣ ਲਈ ਵਚਨਬੱਧ ਹਨ ਕਿ ਹਰ ਉਮਰ ਅਤੇ ਯੋਗਤਾਵਾਂ ਵਾਲੇ ਲੋਕ ਬ੍ਰੈਂਪਟਨ ਵਿੱਚ, ਰਹਿਣ, ਕੰਮ ਕਰਨ, ਖੇਡਣ, ਆਉਣ ਅਤੇ ਨਿਵੇਸ਼ ਕਰਨ ਦੇ ਬਰਾਬਰ ਮੌਕਿਆਂ ਦਾ ਅਨੰਦ ਮਾਣਨ। ਸਿਟੀ ਵਿਖੇ ਪਹੁੰਚਯੋਗਤਾ ਬਾਰੇ ਹੋਰ ਜਾਣਕਾਰੀ ਲਈ, www.brampton.ca ਤੇ ਜਾਓ।

**ਐਕਸੈਸਨਾਓ**

ਐਕਸੈਸਨਾਓ ਇੱਕ ਮੋਬਾਈਲ ਐਪ ਅਤੇ ਵੈਬਸਾਈਟ ਹੈ, ਜੋ ਪੂਰੀ ਦੁਨੀਆ ਦੀ ਪਹੁੰਚਯੋਗਤਾ ਸਥਿਤੀ ਬਾਰੇ ਜਾਣਕਾਰੀ ਸਾਂਝੀ ਕਰਦੀ ਹੈ। ਅਪਾਹਜਪੁਣੇ ਵਾਲੇ ਲੋਕਾਂ ਦੇ ਸ਼ਕਤੀਕਰਨ ਲਈ ਤਿਆਰ ਕੀਤਾ ਗਿਆ ਇਹ ਪਲੇਟਫਾਰਮ, ਸਮੀਖਿਆਵਾਂ ਨੂੰ ਇਕੱਤਰ ਕਰਦਾ ਹੈ ਅਤੇ ਪਹੁੰਚਯੋਗਤਾ ਦੇ ਪਹਿਲੂਆਂ ਨੂੰ ਪ੍ਰਕਾਸ਼ਿਤ ਕਰਨ ਲਈ ਕਾਰੋਬਾਰ ਮਾਲਕਾਂ ਦੇ ਨਾਲ  ਮਿਲਕੇ ਕੰਮ ਕਰਦਾ ਹੈ, ਜਿਵੇਂ ਪਹੁੰਚਯੋਗ ਪਾਰਕਿੰਗ ਅਤੇ ਵਾਸ਼ਰੂਮਸ, ਐਲੀਵੇਟਰਸ, ਰੈਂਪਸ, ਸੈਂਟ-ਫ੍ਰੀ, ਸ਼ਾਂਤ ਥਾਵਾਂ ਅਤੇ ਹੋਰ ਵੀ ਬਹੁਤ ਕੁਝ। ਹੋਰ ਜਾਣਕਾਰੀ ਲਈ, www.accessnow.com ਤੇ ਜਾਓ।

**ਹਵਾਲੇ**

“ਬ੍ਰੈਂਪਟਨ ਇੱਕ ਮੋਜੈਕ ਹੈ ਅਤੇ ਸਿਟੀ, ਸਾਡੀ ਵੰਨ-ਸੁਵੰਨੀ ਕਮਿਉਨਿਟੀ ਵਿੱਚ ਸਾਰਿਆਂ ਲਈ ਪਹੁੰਚਯੋਗਤਾ ਅਤੇ ਆਪਣੇਪਣ ਦੀ ਮਜ਼ਬੂਤ ਭਾਵਨਾ ਨੂੰ ਵਧਾਉਣ ਲਈ ਵਚਨਬੱਧ ਹੈ। ਮੈਂ ਬ੍ਰੈਂਪਟਨ ਦੇ ਨਿਵਾਸੀਆਂ ਨੂੰ ਸਲਾਹ ਦਿੰਦਾ ਹਾਂ ਕਿ, ਸਾਡੀ ਸਿਟੀ ਦੀਆਂ ਫੈਸਿਲਿਟੀਜ ਵਿਖੇ ਉਪਲਬਧ ਪਹੁੰਚਯੋਗਤਾ ਵਿਸ਼ੇਸ਼ਤਾਵਾਂ ਬਾਰੇ ਪਤਾ ਕਰਨ ਲਈ ਅਤੇ ਸਾਡੀਆਂ ਫੈਸੀਲਿਟੀਜ ਨੂੰ ਰੇਟਿੰਗ ਦੇਣ ਲਈ ਐਕਸੈਸਨਾਓ ਐਪ ਡਾਊਨਲੋਡ ਕਰੋ, ਤਾਂ ਜੋ ਅਸੀਂ ਸਾਰਿਆਂ ਲਈ ਪਹੁੰਚਯੋਗਤਾ ਵਿੱਚ ਸੁਧਾਰ ਕਰਨ ਲਈ ਕੰਮ ਕਰਨਾ ਜਾਰੀ ਰੱਖ ਸਕੀਏ। ਇਕੱਠੇ ਮਿਲ ਕੇ, ਅਸੀਂ ਹਰ ਯੋਗਤਾ  ਵਾਲੇ ਲੋਕਾਂ ਲਈ ਇੱਕ ਵੱਧ ਸ਼ਮੂਲੀਅਤ ਵਾਲੀ ਕਮਿਉਨਿਟੀ ਬਣਾਉਣਾ ਜਾਰੀ ਰੱਖ ਸਕਦੇ ਹਾਂ।”

*- ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

“ਸਿਟੀ ਆਫ ਬ੍ਰੈਂਪਟਨ ਅਤੇ ਰੀਜਨ ਆਫ ਪੀਲ ਦੀਆਂ ਐਕਸੈਸੀਬਿਲਿਟੀ ਐਡਵਾਈਜਰੀ ਕਮੇਟੀਆਂ ਦੇ ਮੈਂਬਰ ਵਜੋਂ, ਮੈਨੂੰ ਉਸ ਕੰਮ ਤੇ ਹਮੇਸ਼ਾ ਮਾਣ ਮਹਿਸੂਸ ਹੁੰਦਾ ਹੈ, ਜੋ ਸਾਡੀ ਸਿਟੀ, ਸਾਡੀ ਕਮਿਉਨਿਟੀ ਨੂੰ ਸਾਰਿਆਂ ਲਈ ਵੱਧ ਪਹੁੰਚਯੋਗ ਅਤੇ ਸ਼ਮੂਲੀਅਤ ਵਾਲੀ ਬਣਾਉਣ ਲਈ ਕਰ ਰਹੀ ਹੈ। ਐਕਸੈਸਨਾਓ, ਸਾਡੇ ਪੂਰੇ ਸ਼ਹਿਰ ਵਿੱਚ ਪਹੁੰਚਯੋਗ ਫੈਸਿਲਿਟੀਜ ਨੂੰ ਖੋਜਣ, ਰੇਟਿੰਗ ਦੇਣ ਅਤੇ ਲੱਭਣ ਲਈ ਇੱਕ ਸ਼ਾਨਦਾਰ ਟੂਲ ਹੈ। ਮੈਂ ਬ੍ਰੈਂਪਟਨ ਦੇ ਕਾਰੋਬਾਰਾਂ ਨੂੰ ਸਲਾਹ ਦਿੰਦਾ ਹਾਂ ਕਿ ਉਹ ਐਪ ਵਿੱਚ ਆਪਣੀ ਜਾਣਕਾਰੀ ਸ਼ਾਮਲ ਕਰਨ ਅਤੇ ਨਿਵਾਸੀ ਐਪ ਨੂੰ ਡਾਊਨਲੋਡ ਕਰਕੇ ਇਸ ਬਾਰੇ ਜਾਣਨ।”

- *ਪੈਟ ਫੋਰਟਿਨੀ* (Pat Fortini), *ਰੀਜਨਲ ਕਾਉਂਸਲਰ, ਵਾਰਡਸ 7 ਅਤੇ 8; ਮੈਂਬਰ, ਸਿਟੀ ਆਫ ਬ੍ਰੈਂਪਟਨ ਐਕਸੈਸੀਬਿਲਿਟੀ ਐਡਵਾਈਜਰੀ ਕਮੇਟੀ; ਮੈਂਬਰ, ਰੀਜਨ ਆਫ ਪੀਲ ਐਕਸੈਸੀਬਿਲਿਟੀ ਐਡਵਾਈਜਰੀ ਕਮੇਟੀ*

“ਸਿਟੀ ਆਫ ਬ੍ਰੈਂਪਟਨ ਵਿਖੇ, ਅਸੀਂ ਟਰਮ ਆਫ ਕਾਉਂਸਿਲ ਪ੍ਰਾਇਰਿਟੀ: ਬ੍ਰੈਂਪਟਨ ਇੱਕ ਮੋਜ਼ੈਕ ਹੈ, ਨੂੰ ਅੱਗੇ ਵਧਾਉਣ ਅਤੇ ਇਹ ਯਕੀਨੀ ਬਣਾਉਣ ਲਈ ਵਚਨਬੱਧ ਹਾਂ ਕਿ ਹਰ ਉਮਰ ਅਤੇ ਯੋਗਤਾਵਾਂ ਵਾਲੇ ਲੋਕ ਮਹਿਸੂਸ ਕਰਦੇ ਹਨ ਕਿ ਉਹਨਾਂ ਦਾ ਸੁਆਗਤ ਅਤੇ ਉਹਨਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ। ਸਿਟੀ, ਸਾਡੀ ਕਮਿਉਨਿਟੀ ਵਿੱਚ ਪਹੁੰਚਯੋਗ ਫੈਸਿਲਿਟੀਜ ਨੂੰ ਉਜਾਗਰ ਕਰਨ ਲਈ ਐਕਸੈਸਨਾਓ ਦੇ ਨਾਲ ਭਾਈਵਾਲੀ ਕਰਨ ਤੇ ਉਤਸ਼ਾਹਿਤ ਹੈ ਅਤੇ ਸਾਡੇ ਨਿਵਾਸੀਆਂ ਲਈ ਪਹੁੰਚਯੋਗਤਾ ਵਧਾਉਣ ਦੇ ਮੌਕਿਆਂ ਦੀ ਪਛਾਣ ਕਰਨਾ ਜਾਰੀ ਰੱਖੇਗੀ।”

- *ਪਾੱਲ ਮੋਰਿਸਨ* (Paul Morrison), *ਇੰਟਰਿਮ ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

“ਐਕਸੈਸਨਾਓ ਵਿਖੇ, ਸਾਨੂੰ ਨਾਗਰਿਕਾਂ ਅਤੇ ਆਉਣ ਵਾਲਿਆਂ ਲਈ ਸ਼ਹਿਰ ਦੀ ਪਹੁੰਚਯੋਗਤਾ ਨੂੰ ਉਜਾਗਰ ਕਰਨ ਲਈ, ਸਿਟੀ ਆਫ ਬ੍ਰੈਂਪਟਨ ਦੇ ਨਾਲ ਭਾਈਵਾਲੀ ਕਰਨ ਤੇ ਮਾਣ ਹੈ। ਸਿਟੀ, ਐਕਸੈਸਨਾਓ ਅਤੇ ਸੰਪੂਰਨ ਕਮਿਉਨਿਟੀ ਦੇ ਵਿਚਕਾਰ ਇਹ ਮਿਲਵਰਤਨ, ਲੀਡਰਸ਼ਿਪ ਅਤੇ ਸਹਿਯੋਗ ਦਾ ਸ਼ਾਨਦਾਰ ਉਦਾਹਰਨ ਹੈ, ਜਿਸਤੋਂ ਦੂਜਿਆਂ ਨੂੰ ਇਸ ਬਾਰੇ ਪ੍ਰੇਰਣਾ ਲੈਣੀ ਚਾਹੀਦੀ ਹੈ ਕਿ ਮਿਉਨਿਸਿਪਲਟੀ, ਅਪਾਹਜਪੁਣੇ ਵਾਲੇ ਨਾਗਰਿਕਾਂ ਨੂੰ ਬਿਹਤਰ ਸਹਾਇਤਾ ਕਿਵੇਂ ਦੇ ਸਕਦੀ ਹੈ।”

- *ਮਾਯਾਨ ਜ਼ਿਵ* (Maayan Ziv), *ਫਾਊਂਡਰ ਅਤੇ ਸੀ.ਈ.ਓ., ਐਕਸੈਸਨਾਓ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 70,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca